ਸਾਧਾਰਨ/ਸਮੈਸਟਰ ਪਰੀਖਿਆ

# ਪ੍ਰਸ਼ਨ-ਪੱਤਰ ਦੀ ਬਣਤਰ

## ਜਮਾਤ-ਬਾਰਵੀਂ ([redacted]).

## ਲਾਜ਼ਮੀ ਪੰਜਾਬੀ

[redacted]

## ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ

**ਸਮਾਂ 3 ਘੰਟੇ** **ਲਿਖਤੀ ਅੰਕ= 80,ਆਂਤਰਿਕ ਮੁਲਾਂਕਣ=20**

**ਕੁੱਲ ਅੰਕ= 100**

**ਪ੍ਰਸ਼ਨ 1.** ਨੋਟ 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ ਜੋ ਕਿ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।

(2) ਸਾਰੇ ਪ੍ਰਸ਼ਨ ਜਰੂਰੀ ਹੋਣਗੇ।

(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

**ਪ੍ਰਸ਼ਨ 2.** ਇਸ ਵਿੱਚ ਨਿਮਨਲਿਖਤ ਭਾਗਾਂ ਵਾਲੇ 20 ਵਸਤੂਨਿਸ਼ਠ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ:

ਭਾਗ(ੳ): ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ 5 ਪ੍ਰਸ਼ਨ ਹੋਣਗੇ ਅਤੇ ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

ਭਾਗ(ਅ): ਇਸ ਵਿੱਚ ਬਹੁਚੋਣਵੇਂ 5 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

(ਹਰੇਕ ਪ੍ਰਸ਼ਨ ਦੀਆਂ ਅੱਗੇ ਤਿੰਨ ਆਪਸ਼ਨਜ਼/ਵਿਕਲਪ ਹੋਣਗੇ)

ਭਾਗ(ੲ): ਇਸ ਵਿੱਚ 5 ਕਥਨ ਦੇ ਕੇ ਉਸ ਦੇ ਸਹੀ ਜਾਂ ਗ਼ਲਤ ਹੋਣ ਦਾ ਉੱਤਰ ਦੇਣਾ ਹੋਵੇਗਾ। ਹਰੇਕ ਕਥਨ ਦੇ 2 ਅੰਕ ਹੋਣਗੇ।

ਭਾਗ(ਸ): ਇਹ ਭਾਗ ਖ਼ਾਲੀ ਥਾਂਵਾਂ ਕਰਨ ਨਾਲ ਸੰਬੰਧਿਤ ਹੋਵੇਗਾ। ਇਸ ਵਿੱਚ 5 ਵਾਕਾਂ ਵਿੱਚ ਇੱਕ-ਇੱਕ ਖ਼ਾਲੀ ਥਾਂ ਭਰਨ ਲਈ ਦਿੱਤੀ ਜਾਵੇਗੀ। ਹਰੇਕ ਵਾਕ ਦੀ ਸਹੀ ਖਾਲੀ ਥਾਂ ਭਰਨ ਦੇ 2 ਅੰਕ ਹੋਣਗੇ। ਇਸ ਭਾਗ ਵਿੱਚ ਹਰੇਕ ਵਾਕ ਦੀ ਖਾਲੀ ਥਾਂ ਦੇ ਦੋ ਵਿਕਲਪ/ਆਪਸ਼ਨਜ਼ ਬਰੈਕਟ ਵਿੱਚ ਦਿੱਤੀਆਂ ਜਾਣਗੀਆਂ।

ਇਹ ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀ ਨਿਰਧਾਰਿਤ ਪਾਠ-ਪੁਸਤਕ ਦੇ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ,ਕਵਿਤਾਵਾਂ,ਕਹਾਣੀਆਂ ਅਤੇ ਅਖਾਉਤਾਂ ਵਿੱਚੋਂ ਲੁੜੀਂਦੇ ਅਨੁਪਾਤ ਅਨੁਸਾਰ ਹੋਣਗੇ। 20x2=40

**ਪ੍ਰਸ਼ਨ 3.** ਲਾਜ਼ਮੀ ਪੰਜਾਬੀ-12 ਦੇ ਪੰਜਾਬੀ ਸੱਭਿਆਚਾਰ ਭਾਗ ਦੇ ਪਾਠਾਂ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਪੰਜ ਪ੍ਰਸ਼ਨ ਪੁੱਛ ਕੇ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 3+3 = 6

**ਪ੍ਰਸ਼ਨ 4.** ਪਾਠ-ਪੁਸਤਕ ਵਿੱਚੋਂ 2 ਕਾਰ-ਵਿਹਾਰ ਦੇ ਪੱਤਰ ਦੇ ਕੇ ਕੋਈ ਇੱਕ ਪੱਤਰ ਲਿਖਣ ਲਈ ਕਿਹਾ ਜਾਵੇਗਾ।

1+3+1=5

**ਪ੍ਰਸ਼ਨ 5.** ਪਾਠ-ਪੁਸਤਕ ਵਿੱਚੋਂ ਇੱਕ ਪੈਰੇ ਦੀ ਸੰਖੇਪ ਰਚਨਾ ਕਰਕੇ ਉਸ ਦਾ ਢੁਕਵਾਂ ਸਿਰਲੇਖ ਲਿਖਣ ਲਈ ਕਿਹਾ ਜਾਵੇਗਾ। ਸੰਖੇਪ ਰਚਨਾ ਦੇ 3 ਅੰਕ ਅਤੇ ਢੁਕਵੇਂ ਸਿਰਲੇਖ ਲਈ 1 ਅੰਕ ਹੋਵੇਗਾ।

**ਪ੍ਰਸ਼ਨ 6.** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋਂ 5 ਅਖਾਉਤਾਂ ਵਿੱਚੋਂ ਕੋਈ ਤਿੰਨ ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ।

3x3=9

**ਪ੍ਰਸ਼ਨ 7.** ਪਾਠ-ਪੁਸਤਕ ਵਿੱਚੋਂ 3 ਕਵਿਤਾਵਾਂ ਦੇ ਕੇ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4

**ਪ੍ਰਸ਼ਨ 8.** ਪਾਠ-ਪੁਸਤਕ ਵਿੱਚੋਂ 2 ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 7